# ਕਨੂੰਨ ਕਿ ਕਨੂੰਨ ਦਾ ਰਾਜ?

## ਮੁਸ਼ਤਾਕ ਸੂਫ਼ੀ

ਹਰ ਕੋਈ ਪਿੱਟਦਾ ਰਹਿੰਦਾ ਹੈ ਕਿ ਸਾਡੇ ਮੁਲਕ ਵਿਚ ਕਨੂੰਨ ਕੋਈ ਨਹੀਂ। ਕੀ ਸੱਚ ਮੁਚ ਕਨੂੰਨ ਨਹੀਂ? ਨਹੀਂ, ਕਨੂੰਨ ਤੇ ਲੰਮਾ ਚੌੜਾ ਮੌਜੂਦ ਹੈ ਅਲਫ਼ ਤੋਂ ਯੇ ਤਾਂਈ। ਸਾਡੀ ਵਸੋਂ ਵਿੱਚ ਉਚੇਚੇ ਕਨੂੰਨਾਂ ਦੀ ਗੈਰ ਮੌਜੂਦਗੀ ਨਹੀ, ਕਨੂੰਨ ਦੀ ਪਾਲਣਾ ਦੀ ਗੈਰ ਮੌਜੂਦਗੀ ਹੈ। ਮੁਲਕ ਦੀਆਂ ਸਰਕਾਰੀ ਕਿਤਾਬਾਂ ਵਿਚ ਹਰ ਉਹ ਕਨੂੰਨ ਲਿਖਿਆ ਹੋਇਆ ਹੈ ਜਿਹੜਾ, ਮਿਸਾਲ ਦੇ ਤੌਰ ਤੇ, ਇੰਗਲਸਤਾਨ ਵਿਚ ਹੋ ਸਕਦਾ ਹੈ। ਜਨਮ, ਤਰਬੀਅਤ, ਕਾਰੋਬਾਰ, ਸਿਆਸਤ, ਮਜ਼ਹਬ, ਦੁਕਾਨਦਾਰੀ, ਗਰਜ਼ ਹਰ ਕੰਮ ਬਾਰੇ ਕਨੂੰਨ ਹੈ। ਕਬਰ ਦੀ ਜ਼ਮੀਨ ਦਾ ਰੇਟ ਵੀ ਮੌਜੂਦ ਹੈ ਕਿਉਂਕਿ ਗੋਰਾ ਕਿਸੇ ਨਾ ਕਿਸੇ ਸ਼ਕਲ ਵਿਚ ਹਰ ਕਿਸਮ ਦਾ ਕਨੂੰਨ ਤੇ ਕਾਇਦਾ ਬਣਾ ਗਿਆ ਹੈ ਜਿਹੜਾ ਅਜੋਕੀ ਸਮਾਜੀ ਹਯਾਤੀ ਲਈ ਜ਼ਰੂਰੀ ਹੈ। ਪਰ ਪੁਆੜਾ ਹੈ ਕਾਇਦੇ ਕਨੂੰਨ ਨੂੰ ਲਾਗੂ ਕਰਨ ਦਾ, ਇਕਸਾਰ ਲਾਗੂ ਕਰਨ ਦਾ।

ਕਾਇਦੇ ਕਨੂੰਨ ਦਾ ਇਕਸਾਰ ਲਾਗੂ ਨਾ ਹੋਣਾ ਨਿਰਾ ਹਾਕਮਾਂ ਤੇ ਅਵਾਮ ਦੀ ਬਦਨੀਤੀ ਨਹੀਂ ਹੈ। ਠੋਸ ਸਮਾਜੀ ਜੀਵਨ ਨਿਰੀਆਂ ਇਖਲਾਕੀ ਕਦਰਾਂ ਜਾਂ ਸਮਾਜੀ ਅਹਿਸਾਸ ਨਾਲ ਨਹੀਂ ਚਲਦਾ। ਸਮਾਜੀ ਜੀਵਨ ਮਾਲੀ, ਸਿਆਸੀ ਤੇ ਰਹਿਤਲੀ ਹਾਲਾਤ ਦੇ ਤਾਰੀਖ਼ੀ ਅਮਲ ਰਾਹੀਂ ਬਣਨ ਵਾਲੀਆਂ ਇਨਸਾਨੀ ਬਣਤਰਾਂ ਤੇ ਉਨ੍ਹਾਂ ਦੇ ਮੁਫ਼ਾਦ ਦੀ ਸੋਚ ਸਿਰ ਚਲਦਾ ਹੈ। ਕਨੂੰਨ ਆਪਣੀ ਮਿਸਾਲੀ ਸ਼ਕਲ ਵਿਚ ਕੋਈ ਖ਼ਿਆਲੀ ਜਾਂ ਹਵਾਈ ਇਕਾਈ ਨਹੀਂ ਹੁੰਦਾ। ਇਹ ਇਕ ਪਾਸੇ ਮੌਜੂਦ ਸਿਆਸੀ ਹਾਲਾਤ ਦੀ ਝਲਕ ਹੁੰਦਾ ਹੈ ਤੇ ਦੂਜੇ ਪਾਸੇ ਉਨ੍ਹਾਂ ਨੂੰ ਇਕ ਖ਼ਾਸ ਢੰਗ ਨਾਲ ਸੰਭਾਲਣ ਤੇ ਟੋਰਨ ਦਾ ਯਤਨ ਹੁੰਦਾ ਹੈ।

ਗੋਰਿਆਂ ਦੇ ਕਬਜ਼ੇ ਦੇ ਨਤੀਜੇ ਵਿਚ ਸਾਡੇ ਇੱਥੇ ਨਵੀਆਂ ਸਮਾਜੀ ਤਬਦੀਲੀਆਂ ਆਈਆਂ। ਨਵੇਂ ਕਨੂੰਨ ਬਣੇ ਤੇ ਲਾਗੂ ਹੋਏ। ਗੋਰਾ ਕਨੂੰਨ ਉਸ ਦੇ ਆਪਣੇ ਸਮਾਜ ਦੇ ਤਾਰੀਖ਼ੀ ਸਫ਼ਰ ਦਾ ਨਤੀਜਾ ਸੀ ਜਿਸ ਦੌਰਾਨ ਸਨਅਤੀ ਇਨਕਲਾਬ ਆਇਆ ਅਤੇ ਨਵੀ ਕੌਮੀ ਬੁਰਜਵਾ ਰਿਆਸਤ ਉਭਰੀ, ਜੀ (ਜੀਵ) ਤੇ ਕਲ ਦੀ ਨਵੀਂ ਨਵੀਂ ਪਛਾਣ ਬਣੀ, ਸ਼ਹਿਰੀ ਦੇ ਰਿਆਸਤ ਨਾਲ ਤਾਅਲੁਕ ਨੂੰ ਨਵੇਂ ਹਾਲਾਤ ਵਿਚ ਮਿਥਿਆ ਗਿਆ। ਜੀ (ਜੀਵ) ਦੀ, ਜੋ ਹੁਣ ਸ਼ਹਿਰੀ ਹੋ ਚੁੱਕਿਆ ਸੀ, ਪੁਰਾਣੀ ਸ਼ਨਾਖ਼ਤ (ਜ਼ਾਤ, ਕਬੀਲਾ, ਬਿਰਾਦਰੀ) ਦੀ ਥਾਂ ਉਸ ਦੀ ਨਵੀਂ ਸ਼ਨਾਖ਼ਤ (ਸ਼ਹਿਰੀਅਤ) ਆਈ ਜਿਹੜੀ ਨਜ਼ਰੀਆਤੀ ਹਿਸਾਬ ਨਾਲ ਦੂਜੇ ਦੀ ਸ਼ਨਾਖ਼ਤ ਦੇ ਬਰਾਬਰ ਮੰਨੀ ਗਈ। ਕਨੂੰਨ ਨੇ ਹਰ ਸ਼ਹਿਰੀ ਨੂੰ ਬਰਾਬਰ ਮੰਨ ਕੇ ਬਰਾਬਰੀ ਦੇ ਮੁਜੱਰਦ (ਫੋਕੇ) ਅਸੂਲ ਦਾ ਝੰਡਾ ਝੁਲਾਇਆ ਅਤੇ ਜਾਗੀਰੂ ਰਸਮ ਰੀਤ ਦੀ ਰੁਤਬੇਦਾਰੀ ਤੇ ਦਰਜੇਬੰਦੀ ਨੂੰ ਤੋੜ ਭੰਨ ਦਿਤਾ।

ਬੁਰਜਵਾ ਰਿਆਸਤ ਦੀ ਕਨੂੰਨੀ ਬਰਾਬਰੀ ਦਾ ਇਹ ਮਤਲਬ ਨਹੀਂ ਕਿ ਰਿਆਸਤ ਦੀ ਜ਼ਿੰਦਗੀ ਵਿਚ ਸਭੋ ਸੱਚ ਮੁਚ ਇਕੋ ਜਿਹੇ ਤੇ ਬਰਾਬਰ ਹੋ ਗਏ। ਤਬਕਾਤੀ ਫ਼ਰਕ ਨਵੇਂ ਰੰਗ ਵਿਚ ਕਾਇਮ ਰਹਿਆ। ਨਾਬਰਾਬਰੀ ਨੂੰ ਇਕ ਉਤਲੀ ਸਤਹ ਤੇ ਇਕ ਨਵੀਂ ਸ਼ਕਲ ਵਿਚ ਮੰਨਿਆਂ ਤੇ ਚਲਾਇਆ ਗਿਆ। ਕਨੂੰਨੀ ਬਰਾਬਰੀ ਦੇ ਇਨਕਲਾਬੀ ਨਤੀਜਿਆਂ ਨੂੰ ਇੰਜ ਬੇਅਸਰ ਕੀਤਾ ਗਿਆ ਕਿ ਕਨੂੰਨ ਭਾਵੇ ਜ਼ਾਹਰਾ ਤੌਰ ਤੇ ਅਵਾਮੀ ਰਾਏ ਨਾਲ ਬਣਾਉਣ ਦਾ ਰਿਵਾਜ ਚਲਾਇਆ ਗਿਆ ਪਰ ਕਨੂੰਨ ਬਣਾਉਣ ਦੀ ਜ਼ਿੰਮੇਵਾਰੀ ਹਾਕਮ ਤਬਕੇ ਨੇ ਆਪਣੇ ਕੋਲ ਹੀ ਰੱਖੀ, ਯਾਨੀ ਕਨੂੰਨ ਉਨ੍ਹਾਂ ਆਖਰ ਉਹੋ ਬਣਾਏ ਜਿਹੜੇ ਉਨ੍ਹਾਂ ਦੇ ਮੁਫ਼ਾਦ ਨੂੰ ਪਾਲਦੇ ਸੰਭਾਲਦੇ ਸਨ। ਸੋ ਕਨੂੰਨੀ ਬਰਾਬਰੀ ਜ਼ਿੰਦਗੀ ਦੀ ਅਮਲੀ ਨਾਬਰਾਬਰੀ ਨੂੰ ਕਾਇਮ ਰਖਣ ਦਾ ਕਾਬਲੇ ਕਬੂਲ ਵਸੀਲਾ ਬਣੀ ਤੇ ਦੂਜੇ ਪਾਸੇ ਜਾਗੀਰਦਾਰੀ ਦੀ ਪਕੜ ਵਿਚੋਂ ਨਿਕਲੇ ਨਵੇਂ ਸ਼ਹਿਰੀਆਂ ਲਈ ਖੁੱਲ੍ਹ ਦਾ ਜ਼ਰੀਆ। ਇਹ ਖੁੱਲ੍ਹ ਭਾਵੇਂ ਕਿੰਨੀ ਮਹਿਦੂਦ (ਸੀਮਿਤ) ਹੋਵੇ, ਸ਼ਹਿਰੀ ਤੇ ਰਿਆਸਤ ਦੇ ਆਪਸੀ ਰਿਸ਼ਤਿਆਂ ਦੀ ਨਵੀਂ ਕਸੌਟੀ ਬਣ ਗਈ।

ਅਠਾਰਵੀਂ ਉਨ੍ਹੀਵੀਂ ਸਦੀ ਵਿਚ ਗੋਰੇ ਕਲੋਨੀਗੀਰਾਂ (ਬਸਤੀਵਾਦੀਆਂ) ਨੇ ਹਿੰਦੁਸਤਾਨ ਉੱਤੇ ਕਬਜ਼ਾ ਕੀਤਾ ਜਿਸ ਵੇਲੇ ਦੇ ਸਮਾਜ ਦੀ ਵੱਡੀ ਬੁਨਿਆਦ ਵਾਹੀ ਬੀਜੀ ਸੀ। ਵਾਹੀ ਬੀਜੀ ਦੀ ਲੰਮੀ ਤਾਰੀਖ਼ ਵਿਚ ਇਸ ਦੀ ਖ਼ਾਸ ਰਹਿਤਲ ਤੇ ਖ਼ਾਸ ਸਿਆਸੀ ਨਿਜ਼ਾਮ ਪੈਦਾ ਹੋਇਆ। ਇਹ ਨਿਜ਼ਾਮ ਵਾਹੀ ਬੀਜੀ ਦੇ ਸਿਲਸਿਲੇ ਵਿਚ ਬਣੀਆਂ ਕਈ ਕਿਸਮ ਦੀਆਂ ਸ਼ਨਾਖ਼ਤਾਂ ਦੇ ਸਹਾਰੇ ਚਲਦਾ ਸੀ। ਹਿੰਦੀ ਜੀ (ਜੀਵ) -ਉਸ ਨੂੰ ਉਸ ਵੇਲੇ ਸ਼ਹਿਰੀ ਨਹੀਂ ਆਖਿਆ ਜਾ ਸਕਦਾ ਇਨ੍ਹਾਂ ਸ਼ਨਾਖ਼ਤਾਂ ਦੇ ਚੱਕਰ ਵਿਚ ਜਨਮ ਲੈਂਦਾ ਤੇ ਮਰਦਾ ਸੀ।

ਸ਼ਨਾਖ਼ਤਾਂ ਕੀ ਸਨ? ਜ਼ਾਤ, ਕਬੀਲਾ, ਬਰਾਦਰੀ, ਮਜ਼ਹਬ, ਫਿਰਕਾ, ਤਬਕਾ। ਗੋਰਿਆਂ ਨਵਾਂ ਅਦਾਲਤੀ ਨਿਜ਼ਾਮ ਬਣਾਇਆ ਜਿਸ ਵਿਚ ਕਨੂੰਨੀ ਬਰਾਬਰੀ ਦੀ ਝਲਕ ਪਹਿਲੀ ਵਾਰ ਦਿਸੀ ਪਰ ਹਿੰਦ ਦੀਆਂ ਪੁਰਾਣੀਆਂ ਸ਼ਨਾਖ਼ਤਾਂ ਨੂੰ ਮੁਕਾਇਆ ਨਹੀਂ। ਆਪਣੇ ਮੁਫ਼ਾਦ ਲਈ -ਜਿਹੜੇ ਉਥੇ ਹੋਰ ਸਨ ਤੇ ਬਰਤਾਨੀਆ ਵਿਚ ਹੋਰ ਸਨ ਉਨ੍ਹਾਂ ਨੂੰ ਕਿਸੇ ਨਾ ਕਿਸੇ ਰੰਗ ਵਿਚ ਚਲਦਿਆਂ ਰਹਿਣ ਦੀ ਇਜਾਜ਼ਤ ਦੇਈ ਰੱਖੀ। ਰਜਵਾੜਿਆਂ ਤੇ ਰਿਵਾਜ ਨੂੰ ਮੰਨਣਾ ਇਸੇ ਅਮਲ ਦੀ ਸ਼ਹਾਦਤ ਹੈ।

ਪਾਕਿਸਤਾਨ ਬਣਨ ਮਗਰੋਂ ਕਲੋਨੀਗੀਰ ਤਬਦੀਲੀਆਂ ਦੇ ਬਾਵਜੂਦ ਸਾਡਾ ਸਮਾਜ ਪੁਰਾਣਾ ਜ਼ਰੱਈ ਸਮਾਜ ਹੀ ਰਿਹਾ ਕਿਉਂਕਿ ਪਾਕਿਸਤਾਨ ਬਣਨ ਵਾਲੇ ਅਕਸਰ ਇਲਾਕੇ ਅਸਲੋਂ ਪਛੜੇ ਹੋਏ ਸਨ। ਸੋ ਉਨ੍ਹਾਂ ਵਿਚ ਪੁਰਾਣੀਆਂ ਸ਼ਨਾਖ਼ਤਾਂ ਤੇ ਉਨ੍ਹਾਂ ਦੇ ਨਤੀਜੇ ਵਿਚ ਪੈਦਾ ਹੋਏ ਰਵਈਏ ਜਾਰੀ ਰਹੇ। ਸਗੋਂ ਗੋਰੇ ਹਾਕਮ ਦੀ ਗੈਰ ਮੌਜੂਦਗੀ ਵਿਚ ਨਵੇਂ ਸਿਰਿਉਂ ਉਭਰੇ ਤੇ ਪੱਕੇ ਹੁੰਦੇ ਗਏ ਕਿ ਹਾਕਮ ਈਲੀਟ (ਉੱਪਰਲਾ ਤਬਕਾ) ਆਪ ਵਾਹੀ ਬੀਜੀ ਤੇ ਪਿਛੜੀ ਹੋਈ ਰਹਿਤਲੀ ਜਿਹਨੀਅਤ ਦੀ ਮਾਲਕ ਸੀ। ਨਵੀਂ ਲੱਭੀ ਹੋਈ ਹਾਕਮੀਅਤ ਵਿਚ ਪਛੜੀ ਹੋਈ ਨਵੀਂ ਈਲੀਟ ਨੇ ਗੋਰੇ ਕਨੂੰਨ ਦਾ ਭਰਮ ਵੀ ਨਾ ਰਖਿਆ।

ਗੋਰੇ ਕਨੂੰਨ ਨੂੰ ਇੰਜ ਨਤਾਕਤਾ ਬਣਾਇਆ ਕਿ ਅਕਸਰ ਉਸ ਉੱਤੇ ਮੁੱਢੋਂ ਅਮਲ ਨਾ ਕੀਤਾ ਜਾਂ ਅਮਲ ਕਰਨ ਦੇ ਅਮਲ ਨੂੰ ਐਨਾ ਲੰਮਾ ਢਿਲਾ ਤੇ ਬੇਯਕੀਨਾ ਬਣਾ ਦਿਤਾ ਕਿ ਲੋਕਾਂ ਇਕ ਪਾਸੇ ਗੋਰੇ ਰਾਜ ਨੂੰ ਯਾਦ ਕਰਨਾ ਸ਼ੁਰੂ ਕਰ ਦਿਤਾ ਤੇ ਦੂਜੇ ਪਾਸੇ ਆਪਣੀਆਂ ਪੁਰਾਣੀਆਂ ਸ਼ਨਾਖ਼ਤਾਂ ਨੂੰ ਪੁਰਅਸਰ ਤੇ ਕਾਰੀ ਬਣਾਉਣ ਦਾ ਟਿੱਲ ਲਾਇਆ। ਬੰਦੇ ਨੇ ਹਰ ਹਾਲ ਕਿਸੇ ਨਾ ਕਿਸੇ ਕਾਇਦੇ ਕਨੂੰਨ ਦੇ ਤਹਿਤ ਕੰਮ ਕਾਰ ਚਲਾਉਣਾ ਹੁੰਦਾ ਹੈ। ਜੇ ਯੂਰਪੋਂ ਲੱਭੇ ਕਨੂੰਨ ਨਹੀਂ ਤਾਂ ਆਪਣੇ ਕਦੀਮੀ ਰਸਮ ਰਿਵਾਜ ਦੇ ਤਹਿਤ ਸਹੀ।

ਸੋ ਹੁਣ ਸਾਡੇ ਸਮਾਜ ਵਿਚ ਪੁਲਿਸ ਹੈ, ਜੱਜ ਹੈ, ਤੇ ਵਕੀਲ ਵੀ। ਪਰ ਹੁੰਦਾ ਕੀ ਹੈ? ਮੁਕੱਦਮਾ ਠਾਣੇ ਪੇਸ਼ ਹੁੰਦਾ ਹੈ। ਪੁਲਸੀਆ ਪਹਿਲੇ ਹਾਕਮ ਈਲੀਟ ਦੀ ਸ਼ਕਲ ਵਿਚ ਮੌਜੂਦ ਸਰਕਾਰ ਤੋਂ ਪੁੱਛਦਾ ਹੈ ਕਿ ਕੀ ਕੀਤਾ ਜਾਵੇ? ਫਿਰ ਦੋਵਾਂ ਫ਼ਰੀਕਾਂ (ਧਿਰਾਂ) ਨੂੰ ਦੇਖਦਾ ਪਰਖਦਾ ਹੈ। ਫ਼ਰੀਕਾਂ ਦੇ ਤਕੜੇ ਮਾੜੇ ਹੋਣ ਦਾ ਹਿਸਾਬ ਲਾਉਂਦਾ ਹੈ। ਤਕੜੇ ਨਾਲ ਇਕ ਤਰ੍ਹਾਂ ਨਿੱਬੜਦਾ ਹੈ ਤੇ ਮਾੜੇ ਨਾਲ ਦੂਜੀ ਤਰ੍ਹਾਂ। ਫਿਰ ਦੇਖਦਾ ਹੈ ਫ਼ਰੀਕਾਂ ਦੀ ਜ਼ਾਤ ਬਰਾਦਰੀ ਕੀ ਹੈ? ਜਿਹੜਾ ਫ਼ਰੀਕ ਆਪਣੀ ਜ਼ਾਤ ਬਰਾਦਰੀ ਦਾ ਹੈ ਉਸ ਨਾਲ ਹੋਰ ਸਲੂਕ ਕਰਦਾ ਹੈ ਤੇ ਗੈਰਜ਼ਾਤ ਨਾਲ ਹੋਰ। ਫਿਰ ਮਜ਼ਹਬ, ਇਥੋਂ ਤੱਕ ਕਿ ਫ਼ਿਰਕਾ ਵੀ ਵੇਖਦਾ ਹੈ। ਸੋ ਨਤੀਜੇ ਵਿਚ ਮੁਕੱਦਮਾ ਦਰਜ ਹੋਣ ਤੋਂ ਪਹਿਲਾਂ ਹੀ ਨਾਕਸ ਹੋ ਚੁੱਕਿਆ ਹੁੰਦਾ ਹੈ। ਜਦੋਂ ਇਹ ਨਾਕਸ ਮੁਕੱਦਮਾ ਅਦਾਲਤ ਵਿਚ ਪੇਸ਼ ਹੁੰਦਾ ਹੈ ਤਾਂ ਜੱਜ ਫ਼ਰੀਕਾਂ ਨਾਲ ਆਮ ਤੌਰ ਤੇ (ਛੁੱਟ ਤਾਂ ਹੋ ਸਕਦੀ ਹੈ) ਉਹੀ ਸਲੂਕ ਕਰਦਾ ਹੈ, ਪਰ ਗੁੱਝੇ ਢੰਗ ਨਾਲ, ਜੋ ਪੁਲਸੀਏ ਨੇ ਕੀਤਾ ਹੁੰਦਾ ਹੈ। ਸਾਰੀ ਕਾਰਵਾਈ ਜ਼ਾਹਰੀ ਤੌਰ ਤੇ ਗੋਰੇ ਦੀ ਕਾਰਵਾਈ ਨਾਲ ਮਿਲਦੀ ਜੁਲਦੀ ਹੈ ਜਿਸ ਵਿਚ ਕਨੂੰਨੀ ਬਰਾਬਰੀ ਦਾ ਤਸੱਵਰ ਹੈ ਪਰ ਨਤੀਜਾ ਗੋਰੇ ਦੇ ਨਤੀਜੇ ਤੋਂ ਉਲਟ ਨਿਕਲਦਾ ਹੈ।

ਇਹ ਸੂਰਤ ਨਿਰੇ ਕਨੂੰਨ ਉੱਤੇ ਜ਼ੋਰ ਦੇਣ ਨਾਲ ਜਾਂ ਫਰਿਆਦ ਕਰਨ ਨਾਲ ਤੇ ਦੁਹਾਈ ਪਾਉਣ ਨਾਲ ਨਹੀਂ ਮੁੱਕ ਸਕਦੀ। ਮੁੱਢਲਾ ਮਸਲਾ ਉਨ੍ਹਾਂ ਸਮਾਜੀ ਹਾਲਾਤ ਨੂੰ ਬਦਲਣ ਦਾ ਹੈ ਜਿਨ੍ਹਾਂ ਦੇ ਨਤੀਜੇ ਵਿਚ ਪੁਰਾਣੀਆਂ ਸ਼ਨਾਖ਼ਤਾਂ ਅਜੇ ਤਾਂਈ ਕਾਇਮ ਹੈਣ ਜਿਨ੍ਹਾਂ ਦੇ ਸਹਾਰੇ ਬਦਲਦੀ ਹਯਾਤੀ ਨੂੰ ਪੁਰਾਣੇ ਢੰਗ ਨਾਲ ਚਲਾਉਣ ਦਾ ਜਤਨ ਕੀਤਾ ਜਾਂਦਾ ਹੈ। ਜੇ ਵਸੋਂ ਵਿਚ ਜ਼ਾਤ ਬਰਾਦਰੀ, ਮਜ਼ਹਬ ਫ਼ਿਰਕੇ, ਤੋਂ ਬਣੀਆਂ ਇਕਾਈਆਂ ਅਜੇ ਵੀ ਪੁਰਅਸਰ ਹੈਣ ਤਾਂ ਠਾਣੇ, ਅਦਾਲਤ, ਬਾਜ਼ਾਰ ਵਿਚੋਂ ਉਨ੍ਹਾਂ ਨੂੰ ਕਿਵੇਂ ਕੱਢਿਆ ਜਾ ਸਕਦਾ ਹੈ?